 **Roll No. ............................**

# 1[CCE.M]1

**Punjabi–II**

**(31)**

Time : Three Hours Maximum Marks : 300

## INSTRUCTIONS

(i) Answers must be written in Gurmukhi.

(ii) The number of marks carried by each question is indicated at the end of the question.

(iii) The answer to each question or part thereof should begin on a fresh page.

(iv) Your answers should be precise and coherent.

(v) The part/parts of the same question must be answered together and should not be interposed between answers to other questions.

(vi) Candidates should attempt question no. **one** which is compulsory and any **four** more out of the remaining questions.

(vii) If you encounter any typographical error, please read it as it appears in the text book.

(viii) Candidates are in their own interest advised to go through the General Instructions on the back side of the title page of the Answer Script for strict adherence.

(ix) No continuation sheets shall be provided to any candidate under any circumstances.

(x) Candidates shall put a cross (x) on blank pages of Answer Script.

(xi) No blank page be left in between answer to various questions.

**ਨੋਟ :** ਕੁੱਲ **ਪੰਜ** ਪ੍ਰਸ਼ਨ ਕਰਨੇ ਹਨ। ਪਹਿਲੇ ਭਾਗ ਦਾ **ਪਹਿਲਾ** ਪ੍ਰਸ਼ਨ ਕਰਨਾ ਜਰੂਰੀ ਹੈ। ਦੂਜੇ ਭਾਗ ਵਿਚੋਂ ਕੋਈ **ਚਾਰ** ਪ੍ਰਸ਼ਨ ਕਰੋ।

## ਭਾਗ–ਪਹਿਲਾ

1. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ **ਦੋ** ਦੇ ਅਰਥਾਂ ਨੂੰ ਸਪੱਸ਼ਟ ਕਰਦਿਆਂ ਉਨ੍ਹਾਂ ਦੀਆਂ ਸਾਹਿਤਕ ਵਿਸ਼ੇਸ਼ਤਾਵਾਂ ਬਿਆਨ ਕਰੋ :

(ੳ) ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ।
ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ ॥

(ਅ) ਖੁਰਾਸਾਨ ਖਸਮਾਨਾ ਦੀਆਂ ਹਿੰਦੁਸਤਾਨ ਡਰਾਇਆ।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨ ਆਇਆ॥
ਕਰਤਾ ਤੂੰ ਸਭਨਾ ਦਾ ਸੋਈ॥
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥ਰਹਾਉ॥

(ੲ) ਸਿਰ ਬੇਟੀਆਂ ਦੇ ਚਾਇ ਜੁਦਾ ਕਰਦੇ, ਬਾਪ ਗੁੱਸਿਆਂ ਤੇ ਜਦੋਂ ਆਉਂਦੇ ਨੀ।
ਸਿਰ ਵੱਢ ਕੇ ਨਈਂ ਵਿਚ ਰੋੜ੍ਹ ਦੇਂਦੇ, ਮਾਸ ਕਾਂਉਂ ਕੁੱਤੇ ਬਿੱਲੇ ਖਾਉਂਦੇ ਨੀ।
ਸੱਸੀ ਜਾਪ ਜਲਾਲੀ ਨੇ ਰੋੜ ਦਿਤੀ, ਕਈ ਡੂਮ ਢਾਡੀ ਪਏ ਗਾਉਂਦੇ ਨੀ।
ਔਲਾਦ ਜੇਹੜੀ ਕਹੇ ਨਾ ਲੱਗੇ, ਮਾਪੇ ਉਸ ਨੂੰ ਮਾਰ ਮੁਕਾਉਂਦੇ ਨੀ।
50

## ਭਾਗ–ਦੂਜਾ

2. ਗੁਰੂ ਨਾਨਕ ਬਾਣੀ ਵਿੱਚੋਂ 'ਜਪੁਜੀ' ਅਤੇ 'ਆਸਾ ਦੀ ਵਾਰ' ਦੇ ਪ੍ਰਮੁੱਖ ਦਰਸ਼ਨਿਕ ਆਧਾਰਾਂ ਬਾਰੇ ਚਰਚਾ ਕਰੋ। 50



3. ਸ਼ਾਹ ਹੁਸੈਨ ਦੀਆਂ ਕਾਫ਼ੀਆਂ ਇਸ਼ਕ ਅਤੇ ਬਿਰਹਾ ਦੀ ਸ਼ਿੱਦਤ ਨੂੰ ਪ੍ਰਸਤੁਤ ਕਰਦੀਆਂ ਹਨ। ਇਸ ਕਥਨ ਦੀ ਪੁਸ਼ਟੀ ਦਲੀਲਾਂ ਸਹਿਤ ਕਰੋ। 50
4. ਸ਼ਾਹ ਮੁਹੰਮਦ ਦੀ ਰਚਨਾ 'ਜੰਗ ਸਿੰਘਾਂ ਤੇ ਫਿਰੰਗੀਆਂ' ਦੇ ਇਤਿਹਾਸਕ ਅਤੇ ਰਾਜਨੀਤਕ ਪਰਿਪੇਖ ਬਾਰੇ ਚਰਚਾ ਕਰੋ। 50
5. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਰਚਨਾ 'ਜ਼ਿੰਦਗੀ ਦੀ ਰਾਸ' ਦੀਆਂ ਵਿਸ਼ੇਗਤ ਖ਼ੂਬੀਆਂ ਅਤੇ ਰੂਪਗਤ ਵਿਸ਼ੇਸ਼ਤਾਵਾਂ ਨੂੰ ਪ੍ਰਸਤੁਤ ਕਰੋ। 50
6. ਬਲਵੰਤ ਗਾਰਗੀ ਦੇ ਨਾਟਕ 'ਸੁਲਤਾਨ ਰਜ਼ੀਆ' ਦੀ ਇਕ ਇਤਿਹਾਸਕ ਨਾਟਕ ਦੇ ਤੌਰ ਉਪਰ ਪਰਖ ਕਰੋ। 50
7. 'ਦਮਯੰਤੀ' ਨਾਟਕ ਦੇ ਵਿਸ਼ਲੇਸ਼ਣ ਦੇ ਆਧਾਰ ਉੱਪਰ ਸੰਤ ਸਿੰਘ ਸੇਖੋਂ ਦੀ ਨਾਟਕ ਕਲਾ ਦੀਆਂ ਖ਼ੂਬੀਆਂ ਅਤੇ ਸੀਮਾਵਾਂ ਨੂੰ ਪੇਸ਼ ਕਰੋ। 50